بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 01.07.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅਸੀਂ ਦੁਆ ਕਰਦੇ ਹਾਂ ਕਿ ਰੱਬ ਹਮੇਸ਼ਾਂ ਹੀ ਤੌਫ਼ੀਕ (ਸੰਜੋਗ) ਪਰਦਾਨ ਕਰੇ ਕਿ ਜੋ ਦਿਨ ਅਤੇ ਜੁਮਏ ਅਸੀਂ ਰਮਜ਼ਾਨ ਵਿੱਚ ਲੰਘਾਏ ਹਨ ਅਤੇ ਜੋ ਬਰਕਤਾਂ ਅਸੀਂ ਰਮਜ਼ਾਨ ਵਿੱਚ ਹਾਸਲ ਕੀਤੀਆਂ ਹਨ ਅਤੇ ਉਹਨਾਂ'ਤੇ ਕਾਇਮ ਰਹਿੰਦਿਆਂ ਹੋਇਆਂ ਆਪਣੀਆਂ ਸਾਰੀਆਂ ਸ਼ਕਤੀਆਂ ਤੇ ਗੁਣਾ ਨਾਲ ਅਗਲੇ ਰਮਜ਼ਾਨ ਦਾ ਸਵਾਗਤ ਕਰੀਏ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 01 ਜੁਲਾਈ 2016 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਹਤੁਲ ਜੁਮਆ ਦੀ ਹੇਠ ਲਿਖੀ ਆਇਤਾਂ ਦੀ ਤਲਾਵਤ ਫ਼ਰਮਾਈ :

(يَا أَيُّهَا الَّذِينَ آمَنُوا إِذَا نُودِيَ لِلصَّلَاةِ مِنْ يَوْمِ الْجُمُعَةِ فَاسْعَوْا إِلَى ذِكْرِ اللَّهِ وَذَرُوا الْبَيْعَ ذَلِكُمْ خَيْرٌ لَكُمْ إِنْ كُنْتُمْ تَعْلَمُونَ ۝ فَإِذَا قُضِيَتِ الصَّلَاةُ فَانْتَشِرُوا فِي الْأَرْضِ وَابْتَغُوا مِنْ فَضْلِ اللَّهِ وَاذْكُرُوا اللَّهَ كَثِيرًا لَعَلَّكُمْ تُفْلِحُونَ ۝ وَإِذَا رَأَوْا تِجَارَةً أَوْ لَهْوًا انْفَضُّوا إِلَيْهَا وَتَرَكُوكَ قَائِمًا قُلْ مَا عِنْدَ اللَّهِ خَيْرٌ مِنَ اللَّهْوِ وَمِنَ التِّجَارَةِ وَاللَّهُ خَيْرُ الرَّازِقِينَ ۝) (الجمعة 10-12)

ਅਲੱਾਹ ਤਆਲਾ ਨੇ ਰਮਜ਼ਾਨ ਦੇ ਰੋਜ਼ੇ ਫਰਜ਼ ਕਰਨ ਦਾ ਜੱਦ ਹੁਕਮ ਦਿੱਤਾ ਤਾਂ ਨਾਲ ਹੀ ਇਹ ਵੀ ਫ਼ਰਮਾਇਆ ਕਿ 'ਅਯੱਾ ਮੰਮਾਦੂਦਾਤਿਨ' (أَيَّامٍ مَعْدُودَاتٍ) ਗਿਣਤੀ ਦੇ ਕੁਝ ਦਿਨ ਹਨ । ਜੱਦ ਰਮਜ਼ਾਨ ਅਰੰਭ ਹੋਇਆ ਤਾਂ ਸਾਡੇ ਵਿੱਚੋਂ ਅਨੇਕਾਂ ਹੀ ਸੋਚਦੇ ਸਨ ਕਿ ਗਰਮੀਆਂ ਦੇ ਲੰਮੇ ਦਿਨ ਹਨ ਅਤੇ ਇਹਨਾਂ ਵਿੱਚ ਤੀਹ ਰੋਜ਼ੇ ਪਤਾ ਨਹੀਂ ਕਿਵੇਂ ਲੰਘਣਗੇ ਬਹੁਤ ਔਖਾ ਹੋਵੇਗਾ ਪਰ ਜਿਵੇਂ ਕਿ ਰੱਬ ਨੇ ਫ਼ਰਮਾਇਆ ਗਿਣਤੀ ਦੇ ਕੁਝ ਦਿਨ ਹਨ ਇਹ ਦਿਨ ਵੀ ਲੰਘ ਗਏ । ਫ਼ਰਮਾਇਆ ਅੱਜ ਰਮਜ਼ਾਨ ਦਾ ਅਖੀਰਲਾ ਜੁਮਆ ਹੈ, ਬਾਕੀ ਪੰਜ ਜਾਂ ਕਈ ਥਾਵਾਂ'ਤੇ ਚਾਰ ਰੋਜ਼ੇ ਰਹਿ ਗਏ ਹੋਣਗੇ । ਇਹਨਾਂ ਚਾਰ ਪੰਜ ਦਿਨਾਂ ਵਿੱਚ ਵੀ ਸਾਨੂੰ ਸਾਰਿਆਂ ਨੂੰ ਜਤਨ ਕਰਨਾ ਚਾਹੀਦਾ ਹੈ ਕਿ ਜੇਕਰ ਕੋਈ ਘਾਟ ਰਹਿ ਗਈ ਹੋਵੇ ਰਜ਼ਾਨ ਦਾ ਪੂਰਾ ਲਾਭ ਉਠਾਉਣ ਵਿੱਚ ਤਾਂ ਉਹਨਾਂ ਦੀ ਕਮੀ ਇਹਨਾਂ ਦਿਨਾਂ ਵਿੱਚ ਦੂਰ ਕਰਕੇ ਭਰਪੂਰ ਲਾਭ ਉਠਾਉਣ ਦਾ ਜਤਨ ਕਰਨਾ ਚਾਹੀਦਾ ਹੈ । ਰੱਬ ਤੋਂ ਇਹ ਦੁਆ ਕਰਨੀ ਚਾਹੀਦੀ ਹੈ ਕਿ ਰੱਬ ਸਾਡੀਆਂ ਕਮੀਆਂ ਵਿੱਚ ਪਰਦਾ ਪਾਏ ਅਤੇ ਸਾਡੇ ਉਪੱਰ ਰਹਿਮ ਕਰੇ ਅਤੇ ਰਮਜ਼ਾਨ ਦੀਆਂ ਬਰਕਤਾਂ ਤੋਂ ਵਾਂਜਿਆਂ ਨਾ ਰੱਖੇ । ਅੱਜ ਜਿਵੇਂ ਕਿ ਮੈਂ ਕਿਹਾ ਰਮਜ਼ਾਨ ਦਾ ਅਖੀਰਲਾ ਜੁਮਆ ਹੈ ਜਿਸਨੂੰ ਸਾਧਾਰਣਤਾ ਲੋਕ ਜੁਮਆਤੁਲ ਵਿਦਾ ਕਹਿੰਦੇ ਹਨ । ਸਾਧਾਰਣ ਮੁਸਲਮਾਨਾਂ ਵਿੱਚ ਤਾਂ ਇਸ ਜੁਮਏ ਨੂੰ ਰਮਜ਼ਾਨ

ਦਾ ਅਖੀਰਲਾ ਜੁਮਆ ਸਮਝਦਿਆਂ ਹੋਇਆਂ ਅਤੇ ਇਹ ਕਲਪਨਾ ਕਰਦਿਆਂ ਹੋਇਆਂ ਕਿ ਇਸ ਜੁਮਏ ਵਿੱਚ ਸਾਰੀਆਂ ਦੁਆਵਾਂ ਕੁਬੂਲ ਹੋ ਜਾਂਦੀਆਂ ਹਨ ਅਤੇ ਇਸ ਜੁਮਏ ਦੀ ਅਦਾਇਗੀ ਨਾਲ ਸਾਰੇ ਸਾਲ ਦੀਆਂ ਛੁਟੀਆਂ ਹੋਈਆਂ ਨਮਾਜ਼ਾਂ ਅਤੇ ਜੁਮਇਆਂ ਅਤੇ ਹਰ ਪ੍ਰਕਾਰ ਦੀ ਇਬਾਦਤ ਦੀ ਅਦਾਇਗੀ ਦਾ ਹੱਕ ਵੀ ਪੂਰਾ ਹੋ ਜਾਂਦਾ ਹੈ, ਜੋ ਇਸ ਵਿੱਚ ਸ਼ਾਮਲ ਹੋ ਜਾਏ । ਪਰ ਇਕ ਹਕੀਕੀ ਮੋਮਿਨ ਦੀ ਇਹ ਕਲਪਨਾ ਨਹੀਂ ਹੈ । ਇਹ ਇਕ ਅਤਿਅੰਤ ਗਲਤ ਵਿਚਾਰ ਹੈ ਇਕ ਅਹਮਦੀ ਅਤੇ ਹਕੀਕੀ ਮੋਮਿਨ ਅਨੁਸਾਰ ਤਾਂ ਅਜਿਹੀਆਂ ਗੱਲਾਂ ਅਤੇ ਅਜਿਹੇ ਵਿਚਾਰ ਧਰਮ ਨਾਲ ਮਜ਼ੌਲ ਕਰਨ ਵਾਲੀਆਂ ਗੱਲਾਂ ਹਨ । ਇਕ ਸਭਾ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਸਵਾਲ ਪੁੱਛਿਆ ਗਿਆ ਕਿ ਮੁਸਲਮਾਨਾਂ ਵਿੱਚ ਇਹ ਰੀਤੀ ਹੈ ਕਿ ਜੁਮਆਤੁਲ ਵਿਦਾ ਦੇ ਦਿਨ ਲੋਕ ਚਾਰ ਰਕਅਤਾਂ ਨਮਾਜ਼ ਪੜ੍ਹਦੇ ਹਨ ਅਤੇ ਇਸ ਦਾ ਨਾਂ 'ਕਜ਼ਾਏ ਉਮਰੀ' ਰੱਖਦੇ ਹਨ ਅਤੇ ਉਦੇਸ਼ ਇਹ ਹੁੰਦਾ ਹੈ ਕਿ ਲੰਘੀਆਂ ਨਮਾਜ਼ਾਂ ਜੋ ਪੂਰੀਆਂ ਨਹੀਂ ਹੋਈਆਂ ਉਹਨਾਂ ਦੀ ਭਰਪਾਈ ਹੋ ਜਾਵੇ, ਇਸ ਦਾ ਕੋਈ ਪ੍ਰਮਾਣ ਹੈ ਜਾਂ ਨਹੀਂ ਇਸ ਦੀ ਕੀ ਵਾਸਤਵਿਕਤਾ ਹੈ ? ਕੀ ਇਹ ਜਾਇਜ਼ ਹੈ ?

ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਹ ਇਕ ਵਿਅਰਥ ਕਾਰਜ ਹੈ । ਆਪ ਨੇ ਫ਼ਰਮਾਇਆ ਜੋ ਮਨੁੱਖ ਜਾਣਬੁਝ ਕੇ ਸਾਰਾ ਸਾਲ ਇਸ ਲਈ ਨਮਾਜ਼ ਛੱਡ ਦਿੰਦਾ ਹੈ ਕਿ ਕਜ਼ਾਏ ਉਮਰੀ ਵਾਲੇ ਦਿਨ ਪੂਰਾ ਕਰ ਲਵਾਂਗਾ ਤਾਂ ਇਹ ਗੁਨਾਹਗਾਰ (ਪਾਪੀ) ਹੈ ਅਤੇ ਜੋ ਮਨੁੱਖ ਲੱਜਿਤ ਹੋਕੇ ਤੌਬਾ ਕਰਦਾ ਹੈ ਅਤੇ ਇਸ ਨੀਤ ਨਾਲ ਪੜ੍ਹਦਾ ਹੈ ਕਿ ਭਵਿੱਖ ਵਿੱਚ ਨਮਾਜ਼ਾਂ ਨਹੀਂ ਛਡੱਾਂਗਾ ਤਾਂ ਉਸ ਦੇ ਲਈ ਕੋਈ ਹਰਜ ਨਹੀਂ । ਫ਼ਰਮਾਇਆ ਕਿ ਅਸੀਂ ਤਾਂ ਇਸ ਮਾਮਲੇ ਵਿੱਚ ਹਜਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਹੀ ਉਤੱਰ ਦਿੰਦੇ ਹਾਂ । ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਉਤੱਰ ਦੀ ਗੱਲ ਇਉਂ ਹੈ ਜੋ ਹਜਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਰਨਣ ਕੀਤੀ ਕਿ ਇਕ ਵਾਰ ਇਕ ਮਨੁੱਖ ਨਮਜ਼ ਪੜ੍ਹ ਰਿਹਾ ਸੀ, ਨਮਾਜ਼ ਦਾ ਸਮਾਂ ਨਹੀਂ ਸੀ ਨਮਾਜ਼ ਪੜ੍ਹ ਰਿਹਾ ਸੀ । ਕਿਸੇ ਵਿਅਕਤੀ ਨੇ ਹਜ਼ਰਤ ਅਲੀ ਰਜ਼ੀ ਅਲਾਹ  ਅਨਹੁ ਨੂੰ ਕਿਹਾ ਕਿ ਆਪ ਸਮੇਂ ਦੇ ਖ਼ਲੀਫ਼ਾ ਹਨ ਇਸ ਨੂੰ ਮੋੜਦੇ ਕਿਉਂ ਨਹੀਂ, ਗ਼ਲਤ ਸਮੇਂ'ਤੇ ਨਮਾਜ਼ ਪੜ੍ਹ ਰਿਹਾ ਹੈ । ਉਹਨਾਂ ਨੇ ਫ਼ਰਮਾਇਆ ਕਿ ਮੈਂ ਡਰਦਾ ਹਾਂ ਕਿ ਕਿਤੇ ਇਸ ਆਇਤ ਹੇਠ ਮੈਂ ਮੁਲਜ਼ਮ ਨ ਬਣ ਜਾਵਾਂ 'ਆਰਾਐਤਲੱਜ਼ੀ ਯਨਹਾ  ਅਬਦਨ ਇਜ਼ਾ ਸਲੱਾ' (أَرَأَيْتَ الَّذِي يَنْهَى عَبْدًا إِذَا صَلَّى) ਅਰਥਾਤ ਕੀ ਤੂੰ ਗ਼ੌਰ ਕੀਤਾ ਉਸ'ਤੇ ਜੋ ਤੂੰ ਰੋਕਦਾ ਹੈਂ ਇਕ ਬੰਦੇ ਨੂੰ ਜੱਦ ਕਿ ਉਹ ਨਮਾਜ਼ ਪੜ੍ਹਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਸ ਹਵਾਲੇ ਦੇ ਬਾਦ ਫ਼ਰਮਾਉਂਦੇ ਹਨ ਕਿ ਜੇਕਰ ਪਛਤਾਵੇ ਦੇ ਰੂਪ ਵਿੱਚ ਛੁੱਟੀਆਂ ਹੋਈਆਂ ਨਮਾਜ਼ਾਂ ਦੀ ਮੁਆਫ਼ੀ ਮੰਗਦਾ ਹੈ ਤਾਂ ਪੜ੍ਹਨ ਦਿਓ ਕਿਉਂ ਮੋੜਦੇ ਹੋ ਅਖੀਰੀ ਦੁਆ ਹੀ ਤਾਂ ਕਰਦਾ ਹੈ । ਹਾਂ, ਇਸ ਵਿੱਚ ਘੱਟਹਿੰਮਤੀ ਜ਼ਰੂਰ ਹੈ । ਹਜ਼ੂਰ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਪਸ਼ਟ ਕਰ ਦਿੱਤਾ ਕਿ ਉਸ ਵਿੱਚ ਹਿੰਮਤ ਦੀ ਘਾਟ ਹੈ ਜੇਕਰ ਨੀਯਤ ਕਜ਼ਾਏ ਉਮਰੀ ਦੀ ਹੈ ਅਤੇ ਉਸ ਦੇ ਸੁਧਾਰ ਦੀ ਨਹੀਂ ਹੈ, ਜੇਕਰ ਇਸ ਨੀਯਤ ਨਾਲ ਪੜ੍ਹੀ ਕਿ ਅੱਜ ਮੈਂ ਚਾਰ ਰਕਅਤਾਂ ਪੜ੍ਹ ਰਿਹਾ ਹਾਂ ਅਤੇ ਅੱਜ ਤੋਂ ਬਾਦ ਮੇਰੀ ਤੌਬਾ, ਮੈਂ ਭਵਿੱਖ ਵਿੱਚ ਬਕਾਇਦਗੀ ਨਾਲ ਨਮਾਜ਼ਾਂ ਪੜ੍ਹਦਾ ਰਹਾਂ ਗਾ ਤਾਂ ਫਿਰ ਤਾਂ ਠੀਕ ਹੈ । ਜੇਕਰ ਸੁਧਾਰ ਦੀ ਨੀਯਤ ਨਾਲ ਨਹੀਂ ਤਾਂ ਫਿਰ ਅਜਿਹਾਂ ਮਨੁੱਖ ਗੁਨਾਹਗਾਰ ਹੈ ।

ਹਜ਼ੂਰ ਨੇ ਫ਼ਰਮਾਇਆ : ਮੋਮਿਨ ਤਾਂ ਰੱਬ ਦੀਆਂ ਦੱਸੀਆਂ ਹੋਈਆਂ ਨੇਕੀਆਂ ਨੂੰ ਅਰੰਭ ਰਖੱਦਾ ਹੈ । ਉਹ ਤਾਂ ਰੱਬ ਦੇ ਸ਼ੁਕਰਾਨੇ ਦੀਆਂ ਭਾਵਨਵਾਂ ਨਾਲ ਭਰਿਆ ਹੁੰਦਾ ਹੈ । ਉਹ ਤਾਂ ਰਮਜ਼ਾਨ ਵਿੱਚੋਂ ਲੰਘਦਾ ਹੈ ਰੱਬ ਦੀ ਰਜ਼ਾ ਲਈ । ਉਹ ਜੱਦ ਰੱਬ ਦੇ ਆਦੇਸ਼ਾਂ ਉਪੱਰ ਚਲਦਿਆਂ ਹੋਇਆਂ ਰਮਜ਼ਾਨ ਨੂੰ ਅਲਵਿਦਾ ਕਹਿੰਦਾ ਹੈ ਤਾਂ ਬਹੁਤ ਹੀ ਭਾਰੇ ਮਨ ਨਾਲ ਕਿ ਹੁਣ ਅਸੀਂ ਰਮਜ਼ਾਨ ਤੋਂ ਛੱਟੀ ਲੈ ਰਹੇ ਹਾਂ ਪਰ ਇਹਨਾਂ ਦਿਨਾਂ ਦੀ ਯਾਦ ਹਮੇਸ਼ਾਂ

ਮਨ ਵਿੱਚ ਤਾਜ਼ਾ ਰਖੱਾਂਗੇ । ਰਮਜ਼ਾਨ ਵਿੱਚ ਜੋ ਪਿਆਰੀ ਪਿਆਰੀ ਅਤੇ ਨੇਕ ਗਲੱਾਂ ਸਿੱਖੀਆਂ ਹਨ ਉਹਨਾਂ ਦੀ ਜੁਗਾਲੀ ਕਰਦੇ ਰਹਾਂ ਗੇ । ਰਮਜ਼ਾਨ ਵਿੱਚ ਜੋ ਇਬਾਦਤਾਂ ਵੱਲ ਧਿਆਨ ਪੈਦਾ ਹੋਇਆ ਹੈ ਉਸਨੂੰ ਹਮੇਸ਼ਾ ਜੀਉਂਦਾ ਰਖੱਾਂਗੇ ਅਤੇ ਕਦੇ ਵੀ ਸਾਡੇ ਕਦਮ ਤੇਰੀ ਨੇੜਤਾ ਪ੍ਰਾਪਤ ਕਰਨ ਲਈ ਨਹੀਂ ਰੁਕਣਗੇ । ਅਸੀਂ ਤਾਂ ਤੇਰੇ ਪ੍ਰੇਮ ਦੇ ਅਦਭੁਤ ਦ੍ਰਿਸ਼ ਦੇਖੇ । ਜੱਦ ਅਸੀਂ ਚਲ ਕੇ ਤੇਰੇ ਕੋਲ ਆਉਣ ਦਾ ਜਤਨ ਕਰਦੇ ਹਾਂ ਤਾਂ ਤੂੰ ਆਪਣੇ ਵਾਦੇ ਅਨੁਸਾਰ ਦੌੜ ਕੇ ਸਾਡੇ ਕੋਲ ਆਉਂਦਾ ਹੈਂ, ਸੋ, ਇਹ ਕਿਵੇਂ ਹੋ ਸਕਦਾ ਹੈ ਕਿ ਅਸੀਂ ਆਪਣੇ ਸੰਸਾਰਕ ਸੰਬੰਧਾਂ ਦੀਆਂ ਯਾਦਾਂ ਨੂੰ ਚੇਤੇ ਰੱਖੀਏ ਅਤੇ ਜੋ ਸਭ ਤੋਂ ਵੱਧ ਪ੍ਰੇਮ ਕਰਨ ਵਾਲਾ ਹੈ ਉਸ ਦੀ ਯਾਦ ਨੂੰ ਭੁਲਾ ਦੇਈਏ ਅਤੇ ਉਸ ਦੇ ਉਪਕਾਰਾਂ ਨੂੰ ਭੁਲਾ ਦੇਈਏ । ਰੱਬ ਦੇ ਉਪਕਾਰ ਕਰਨ ਦੇ ਤਰੀਕੇ ਵੀ ਅਦਭੁਤ ਹਨ । ਹਰ ਸਤੱਵੇਂ ਦਿਨ ਜੁਮਆ ਰੱਖਕੇ ਇਹਨਾਂ ਹੀ ਬਰਕਾਤਂ ਨੂੰ ਲੈਂਣ ਵਾਲਾ ਸਾਨੂੰ ਬਣਾ ਦਿੱਤਾ ਜੋ ਜੁਮਆਤੁਲ ਵਿਦਾ ਦੇ ਦਿਨ ਮਿਲਣੀ ਸੀ ਜਾਂ ਮਿਲਦੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਜੁਮਏ ਵਿੱਚ ਇਕ ਅਜਿਹੀ ਘੜੀ ਆਉਂਦੀ ਹੈ ਕਿ ਇਕ ਮੁਸਲਮਾਨ ਜੱਦ ਖੜਾ ਨਮਾਜ਼ ਪੜ੍ਹ ਰਿਹਾ ਹੋਵੇ ਤਾਂ ਜੋ ਦੁਆ ਮੰਗੇ ਕੁਬੂਲ ਹੋ ਜਾਂਦੀ ਹੈ ਪਰ ਇਹ ਘੜੀ ਬਹੁਤ ਹੀ ਛੋਟੀ ਹੁੰਦੀ ਹੈ । ਸੋ, ਅੱਜ ਦੇ ਬਾਦ ਅਸੀਂ ਰੱਬ ਦੀ ਨੇੜਤਾ ਦੀਆਂ ਘੜੀਆਂ ਤੋਂ ਅੱਡ ਨਹੀਂ ਹੋ ਰਹੇ ਸਗੋਂ ਇਹ ਸਮਾਂ ਸਾਨੂੰ ਸਤੱਾਂ ਦਿਨਾਂ ਬਾਦ ਫਿਰ ਮਿਲਣ ਵਾਲਾ ਹੈ । ਜੇਕਰ ਕੋਈ ਇਹਨਾਂ ਨੇਕੀਆਂ ਤੇ ਇਹਨਾਂ ਘੜੀਆਂ ਨੂੰ ਵਿਦਾ ਕਰ ਰਿਹਾ ਹੈ ਤਾਂ ਉਹ ਮੋਮਿਨ ਨਹੀਂ ਹੈ । ਫ਼ਰਮਾਇਆ : ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਸਾਨੂੰ ਰੱਬ ਨਾਲ ਛੇਤੀ ਛੇਤੀ ਮਿਲਣ ਅਤੇ ਉਸ ਦੀ ਰਜ਼ਾ ਹਾਸਲ ਕਰਨ ਦਾ ਤਰੀਕਾ ਸਮਝਾਉਂਦਿਆਂ ਹੋਇਆਂ ਦੱਸਿਆ ਕਿ ਪੰਜ ਨਮਾਜ਼ਾਂ, ਜੁਮਆ ਅਗੱਲੇ ਜੁਮਏ ਤੱਕ ਅਤੇ ਰਮਜ਼ਾਨ ਅਗੱਲੇ ਰਮਜ਼ਾਨ ਤੱਕ ਇਹਨਾਂ ਵਿਚਕਾਰ ਹੋਣ ਵਾਲੇ ਗੁਨਾਹਾਂ ਦਾ ਕਫ਼ੱਾਰਾ ਬਣ ਜਾਂਦਾ ਹੈ ਸ਼ਰਤ ਇਹ ਹੈ ਕਿ ਮਨੁੱਖ ਵੱਡੇ ਵੱਡੇ ਗੁਨਾਹਾਂ ਤੋਂ ਬਚਦਾ ਰਹੇ ।

ਇਹ ਆਇਤਾਂ ਜੋ ਮੈਂ ਤਲਾਵਤ ਕੀਤੀਆਂ ਹਨ ਇਹਨਾਂ ਵਿੱਚ ਵੀ ਰੱਬ ਨੇ ਜੁਮਏ ਦੀ ਮਹਤੱਾ ਬਾਰੇ ਦੱਸਿਆ ਹੈ । ਵਿਸ਼ੇਸ਼ ਰੂਪ ਵਿੱਚ ਜੁਮਿਆਂ ਵਿੱਚ ਸ਼ਾਮਲ ਹੋਣ ਲਈ ਧਿਆਨ ਦੁਆਇਆ ਹੈ । ਜੁਮਏ ਦੀ ਅਜ਼ਾਨ ਦੀ ਅਵਾਜ਼ ਸੁਣੋ ਤਾਂ ਆਪਣੇ ਸਾਰੇ ਕੰਮ ਤੇ ਕਾਰੋਬਾਰ ਬੰਦ ਕਰੋ ਅਤੇ ਜੁਮਏ ਲਈ ਆਓ । ਜੁਮਏ ਦਾ ਖ਼ੁਤਬਾ ਵੀ ਜੁਮਏ ਦਾ ਹੀ ਭਾਗ ਹੈ । ਇਸ ਲਈ ਸੁਸਤੀ ਨ ਦਿਖਾਓ ਕਿ ਨਮਾਜ਼ ਸ਼ੁਰੂ ਹੋਣ ਤੱਕ ਪਹੁੰਚ ਜਾਵਾਂਗੇ ਅਤੇ ਨਮਾਜ਼ ਵਿੱਚ ਸਾਮਲ ਹੋ ਜਾਵਾਂਗੇ ਸਗੋਂ ਖ਼ੁਤਬੇ ਲਈ ਪਹੁੰਚਣ ਦਾ ਜਤਨ ਕਰਨਾ ਚਾਹੀਦਾ ਹੈ । ਇਸ ਯੁੱਗ ਵਿੱਚ ਰੱਬ ਨੇ ਸਾਨੂੰ ਇਤਫ਼ਾਕਨ ਏਥੇ ਇਹ ਵੀ ਚੇਤੇ ਕਰਾ ਦਿਆਂ ਸਗੋਂ ਬਹੁਤ ਮਹਤੱਵਪੂਰਨ ਗੱਲ ਹੈ ਕਿ ਐਮ ਟੀ ਏ ਦੀ ਸਹੂਲਤ ਸਾਨੂੰ ਪ੍ਰਦਾਨ ਕੀਤੀ ਹੋਈ ਹੈ । ਯੁਰੋਪ ਵਿੱਚ ਅਤੇ ਅਫ਼ਰੀਕਾ ਦੇ ਕੁਝ ਦੇਸ਼ਾਂ ਵਿੱਚ ਤਾਂ ਜੁਮਏ ਦਾ ਸਮਾਂ ਵੀ ਇਕ ਹੀ ਹੈ ਇਸ ਲਈ ਜੱਦ ਇਕ ਸਮਾਂ ਹੈ ਤਾਂ ਫਿਰ ਸਮੇਂ ਦੇ ਖ਼ਲੀਫ਼ਾ ਦਾ ਖ਼ੁਤਬਾ ਸੁਨਣਾ ਚਾਹੀਦਾ ਹੈ । ਜਿੱਥੇ ਸਮੇਂ ਦਾ ਅੰਤਰ ਹੈ ਓਥੇ ਵੀ ਅਹਮਦੀਆਂ ਨੂੰ ਸੁਨਣਾ ਚਾਹੀਦਾ ਹੈ । ਜੇਕਰ ਲਾਈਵ ਨਹੀਂ ਤਾਂ ਰਿਕਾਰਡਿੰਗ ਸੁਣ ਲੈਂਣ ਅਤੇ ਇਸ ਪ੍ਰਕਾਰ ਇਸ ਖ਼ੁਤਬੇ ਦੇ ਵਿਸਥਾਰ ਪੂਰਨ ਕਥਨ ਲੈਕੇ ਖ਼ੁਤਬਾ ਦੇਣ ਵਾਲਿਆਂ ਨੂੰ ਜਿੱਥੇ ਮੁਰੱਬੀ ਜਾਂ ਮੁਬਲੱਗ਼ੀਨ ਖ਼ੁਤਬਾ ਦਿੰਦੇ ਹਨ ਉਹਨਾਂ ਨੂੰ ਆਪਣੀ ਜਮਾਤ ਵਿੱਚ ਉਸੇ ਦਿਨ ਜਾਂ ਅਗਲੇ ਦਿਨ ਜਾਂ ਅਗਲੇ ਦਿਨ ਨਹੀਂ ਤਾਂ ਅਗਲੇ ਹਫ਼ਤੇ ਇਹ ਖ਼ੁਤਬਾ ਸੁਨਾਉਣਾ ਚਾਹੀਦਾ ਹੈ । ਇਹ ਇਕ ਬਹੁਤ ਵੱਡਾ ਸਾਧਨ ਹੈ ਜਮਾਤ ਵਿੱਚ ਏਕਤਾ ਪੈਦਾ ਕਰਨ ਦਾ ਸਗੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਯੁੱਗ ਨੂੰ ਜੋ ਜੁਮਏ ਨਾਲ ਵਿਸ਼ੇਸ਼ ਸੰਬੰਧ ਹੈ । ਰੱਬ ਨੇ ਇਸ ਕਾਢ ਰਾਹੀਂ ਸਮੇਂ ਦੇ ਖ਼ਲੀਫ਼ਾ ਦੇ ਖ਼ੁਤਬੇ ਨੂੰ ਵੀ ਇਸ ਦਾ ਇਕ ਭਾਗ ਬਣਾ ਦਿੱਤਾ ਹੈ । ਫਿਰ ਰੱਬ ਫ਼ਰਮਾਉਦਾ ਹੈ ਕਿ ਤੁਹਾਡੇ ਵਪਾਰ, ਸੰਸਾਰਕ ਕਾਰੋਬਾਰ ਅਤੇ ਖੇਡ ਤਮਾਸ਼ੇ ਤੁਹਾਨੂੰ ਜੁਮਆ ਪੜ੍ਹਨ ਤੋਂ ਰੋਕਣ ਵਾਲੇ ਨ ਹੋਣ । ਵਿਸ਼ੇਸ਼ ਰੂਪ ਵਿੱਚ ਇਸ ਯੁੱਗ ਵਿੱਚ ਅੰਤਰ ਰਾਸ਼ਟਰੀ ਵਪਾਰ ਹੋਣ ਕਰਕੇ ਤੁਹਾਨੂੰ ਬਹਤਾ ਮਸਰੂਫ਼

ਰੱਖਦੀਆਂ ਹਨ ਇਸੇ ਪ੍ਰਕਾਰ ਤੁਹਾਡੇ ਖੇਡ ਹਨ ਅਤੇ ਸੰਸਾਰਕ ਰੁਝੇਵੇਂ ਹਨ ਜੋ ਅੰਤਰ ਰਾਸ਼ਟਰੀ ਹੋਣ ਕਰਕੇ ਸਮੇਂ ਦੇ ਸੀਮਤ ਹੋਣ ਦਾ ਪੱਖ ਨਹੀਂ ਰੱਖਦੀਆਂ । ਇਹਨਾਂ ਵਿੱਚ ਤੁਸੀਂ ਜਾਂ ਇਕ ਮੋਮਿਨ ਨੇ ਬਹਿਰਹਾਲ ਜੁਮਏ ਦੀ ਮਹਤੱਤਾ ਦਾ ਖ਼ਿਆਲ ਰਖੱਣਾ ਹੈ ਕਿਉਕਿ ਇਕ ਮੋਮਿਨ ਦੀ ਸਭ ਤੋਂ ਵੱਡੀ ਪਹਿਲ ਰੱਬ ਦੀ ਰਜ਼ਾ ਹਾਸਲ ਕਰਨਾ ਹੈ ਅਤੇ ਇਹੋ ਇਕ ਮੋਮਿਨ ਦੀ ਪਹਿਲ ਹੋਣੀ ਚਾਹੀਦੀ ਹੈ ।

ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸਹਾਬਾ ਤਾਂ ਆਪ ਦੀਆਂ ਪਵਿਤੱਰ ਮਹਾਂ ਸ਼ਕਤੀਆਂ ਕਰਕੇ ਪੂਰਨ ਰੂਪ ਵਿੱਚ ਪਾਕ ਹੋ ਚੁੱਕੇ ਸਨ ਅਤੇ ਉਹਨਾਂ ਨੂੰ ਰੱਬ ਦੀ ਰਜ਼ਾ ਸਭ ਤੋਂ ਅਧਿਕ ਪ੍ਰਾਥਮਕ ਸੀ ਇਸ ਲਈ ਉਹਨਾਂ ਬਾਰੇ ਤਾਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿ ਉਹ ਕਾਰੋਬਾਰ ਤੇ ਖੇਡ ਤਮਾਸ਼ਿਆਂ ਕਰਕੇ ਜੁਮਆ ਛੱਡ ਦਿੰਦੇ ਹੋਣਗੇ । ਇਹ ਨਿਸ਼ਚੇ ਹੀ ਸਾਡੇ ਯੁੱਗ ਦੇ ਹਾਲਾਤਾਂ ਦਾ ਚਿਤਰਣ ਹੈ । ਮਸੀਹ ਮੌਊਦ ਦੇ ਜ਼ਮਾਨੇ ਦਾ ਹੀ ਚਿਤੱਰ ਹੈ ਜੱਦ ਧਰਮ ਦੀ ਪ੍ਰਥਮਿਕਤਾ ਪਿੱਛੇ ਰਲੀ ਜਾਵੇਗੀ ਅਤੇ ਦੁਨੀਆ ਦੀ ਪਹਿਲ ਸਾਹਮਣੇ ਆ ਜਾਵੇਗੀ । 24 ਘੰਟੇ ਹੀ ਵਪਾਰਾਂ ਤੇ ਖੇਡ ਤਮਾਸ਼ਿਆਂ ਵਿੱਚ ਮਸਰੂਫ਼ ਹੋਣਗੇ । ਦੁਨੀਆਂ ਦੀਆਂ ਦੂਰੀਆਂ ਘੱਟ ਜਾਣਗੀਆਂ । ਮੀਡੀਆ ਰਾਹੀਂ ਘਰ ਬੈਠਿਆਂ ਹੀ ਦੁਨੀਆ ਦੀਆਂ ਥਾਂ ਥਾਂ ਦੀਆਂ ਖੇਡਾਂ ਹਨ ਅਤੇ ਮਨ ਪਰਚਾਵੇ ਦੀਆਂ ਗੱਲਾਂ ਹਨ ਹਰ ਸਮੇਂ ਘਰ ਬੈਠਿਆਂ ਹੀ ਮਿਲ ਰਹੀਆਂ ਹੋਣਗੀਆਂ । ਰੱਬ ਫ਼ਰਮਾਉਂਦਾ ਹੈ ਕਿ ਅਜਿਹੇ ਸਮੇਂ ਵਿੱਚ ਤੁਸੀਂ ਆਪਣੀਆਂ ਤਰਜੀਹਾਂ (ਪ੍ਰਾਥਮਿਕਤਾ) ਠੀਕ ਰੱਖੋਗੇ ਤਾਂ ਚੇਤੇ ਰੱਖੋ ਕਿ ਰੱਬ ਦੀਆਂ ਮਿਹਰਾਂ ਪ੍ਰਾਪਤ ਕਰਨ ਵਾਲੇ ਬਣੋਗੇ । ਇਕ ਮੌਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਨਮਾਜ਼ ਜੁਮਆ ਪੜ੍ਹਨ ਲਈ ਆਇਆ ਕਰੋ ਅਤੇ ਇਮਾਮ ਨੇ ਨੇੜੇ ਹੋਕੇ ਬੈਠਿਆ ਕਰੋ । ਇਕ ਮਨੁੱਖ ਜੁਮਏ ਵਿੱਚ ਪਿੱਛੇ ਰਹਿੰਦਿਆਂ ਰਹਿੰਦਿਆਂ ਸਵਰਗਾਂ ਤੋਂ ਪਿੱਛੇ ਰਹਿ ਜਾਂਦਾ ਹੈ ਜੱਦ ਕਿ ਸਵਰਗ ਵਾਸੀਆਂ ਵਿਚੋਂ ਹੁੰਦਾ ਹੈ । ਹਜ਼ੂਰ ਨੇ ਫ਼ਰਮਾਇਆ : ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਜੁਮਏ ਦੀ ਮਹਤੱਾ ਬਾਰੇ ਦੱਸਿਆ ਅਤੇ ਇਸੇ ਮਹਤੱਾ ਦੇ ਸੰਮੁਖ ਆਪ ਨੇ ਆਪਣੇ ਯੁੱਗ ਵਿੱਚ 1895–96 ਈ. ਵਿੱਚ ਸਰਕਾਰ ਵਿੱਚ ਇਕ ਤਹਿਰੀਕ ਕਰਨੀ ਚਾਹੀ ਕਿ ਭਾਰਤ ਵਿੱਚ ਜੁਮਆ ਪੜ੍ਹਨ ਲਈ ਸਰਕਾਰੀ ਦਫ਼ਤਰਾਂ ਵਿੱਚ ਦੋ ਘੰਟਿਆਂ ਦੀ ਛੁੱਟੀ ਹੋਇਆ ਕਰੇ ਅਤੇ ਮੁਸਲਮਾਨਾਂ ਤੋਂ ਹਸਤਾਖ਼ਰ ਲੈਂਣੇ ਅਰੰਭ ਕਰ ਦਿੱਤੇ ਪਰ ਉਸ ਸਮੇਂ ਮੌਲਵੀ ਮੁਹਮੱਦ ਹੁਸੈਨ ਸਾਹਬ ਨੇ ਇਕ ਇਸ਼ਤਿਹਾਰ ਦਿੱਤਾ ਕਿ ਇਹ ਕੰਮ ਤਾਂ ਚੰਗਾ ਹੈ ਪਰ ਮਿਰਜ਼ਾ ਸਾਹਬ ਦੇ ਹੱਥੀਂ ਇਹ ਕੰਮ ਨਹੀਂ ਹੋਣਾ ਚਾਹੀਦਾ ਅਸੀਂ ਆਪ ਇਸ ਨੂੰ ਸਿਰੇ ਚੜ੍ਹਾਵਾਂਗੇ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਸਾਨੂੰ ਤਾਂ ਆਪਣੇ ਨਾਂ ਦਾ ਕੋਈ ਸ਼ੌਕ ਨਹੀਂ ਆਪ ਖ਼ੁਦ ਹੀ ਕਰ ਲੈਂਣ । ਅਤੇ ਆਪ ਨੇ ਕਾਰਵਾਈ ਬੰਦ ਕਰ ਦਿੱਤੀ । ਪਰੰਤੂ ਫਿਰ ਉਹ ਕਾਰਵਾਈ ਅੱਗੇ ਨਹੀਂ ਚੱਲੀ । ਬਹਿਰਹਾਲ ਇਕ ਮੌਕੇ'ਤੇ ਵਾਇਸਰਾਏ ਹਿੰਦ ਲਾਰਡ ਕਰਜ਼ਨ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਮੈਮੋਰੀਅਲ ਭੇਜਿਆ ਜਿਸ ਵਿੱਚ ਉਹਨਾਂ ਦੀਆਂ ਖ਼ੂਬੀਆਂ ਦਾ ਵਰਨਣ ਕਰਕੇ ਅਤੇ ਮੁਸਲਮਾਨਾਂ ਦੇ ਅਧਿਕਾਰਾਂ ਦੀ ਪੂਰਨਤਾ ਦਾ ਧੰਨਵਾਦ ਕਰਦਿਆਂ ਆਪ ਨੇ ਇਸ ਮੈਮੋਰੀਅਲ ਵਿੱਚ ਹੋਰ ਲਿੱਖਿਆ ਕਿ ਇਕ ਆਸ਼ਾ ਉਹਨਾਂ ਦੀ ਅਰਥਾਤ ਮੁਸਲਮਾਨਾਂ ਦੀ ਬਾਕੀ ਹੈ ਅਤੇ ਉਹ ਆਸ ਰਖੱਦੇ ਹਨ ਕਿ ਜਿੰਨ੍ਹਾ ਹੱਥਾਂ ਰਾਹੀਂ ਇਹ ਮੁਰਾਦਾਂ ਪੂਰੀਆਂ ਹੋਈਆਂ ਹਨ ਅਰਥਾਤ ਮਸਜਿਦਾਂ ਮਿਲੀਆਂ ਹਨ ਉਹ ਆਸ਼ਾਂ ਵੀ ਉਹਨਾਂ ਰਾਹੀਂ ਪੂਰੀ ਹੋਵੇਗੀ ਅਤੇ ਉਹ ਆਰਜ਼ੂ (ਆਸ਼ਾ) ਇਹ ਹੈ ਕਿ ਜੁਮਏ ਦਾ ਦਿਨ ਇਕ ਇਸਲਾਮੀ ਮਹਤੱਵਪੂਰਨ ਤਿਉਹਾਰ ਹੈ ਅਤੇ ਕੁਰਆਨ ਕਰੀਮ ਨੇ ਵਿਸ਼ੇਸ਼ ਰੂਪ ਵਿੱਚ ਇਸ ਦਿਨ ਨੂੰ ਛੁੱਟੀ ਦਾ ਦਿਨ ਠਹਿਰਾਇਆ ਹੈ । ਇਸ ਦੇਸ਼ ਵਿੱਚ ਤਿੰਨ ਕੌਮਾਂ ਹਨ ਹਿੰਦੂ ਈਸਾਈ ਅਤੇ ਮੁਸਲਮਾਨ । ਹਿੰਦੂਆਂ ਤੇ ਈਸਾਈਆਂ ਨੂੰ ਉਹਨਾਂ ਦੇ ਧਾਰਮਕ ਰੀਤੀਆਂ ਦਾ ਦਿਨ ਸਰਕਾਰ ਨੇ ਦਿੱਤਾ ਹੋਇਆ ਹੈ ਅਰਥਾਤ ਐਤਵਾਰ ਦਾ ਦਿਨ ਜਿਸ ਵਿੱਚ ਉਹ ਆਪਣੀਆਂ

ਧਾਰਮਕ ਰੀਤੀਆਂ ਪੂਰੀਆਂ ਕਰਦੇ ਹਨ ਜਿਸ ਦੀ ਆਮ ਤੌਰ'ਤੇ ਛੁੱਟੀ ਹੁੰਦੀ ਹੈ ਪਰ ਇਹ ਤੀਜਾ ਫਿਰਕਾ ਅਰਥਾਤ ਮੁਸਲਮਾਨ ਆਪਣੇ ਤਿਉਹਾਰ ਦੇ ਦਿਨ ਅਰਥਾਤ ਜੁਮਏ ਤੋਂ ਵਾਂਜਿਆਂ ਰਹਿੰਦਾ ਹੈ । ਫਿਰ ਆਪਨੇ ਅੱਗੇ ਚਲੱਕੇ ਫ਼ਰਮਾਇਆ ਕਿ ਉਹਨਾਂ ਉਪੱਕਾਰਾਂ ਦੀ ਸੂਚੀ ਵਿੱਚ ਜੋ ਇਸ ਸਰਕਾਰ ਨੇ ਮੁਸਲਮਾਨਾਂ ਉਪੱਰ ਕੀਤੇ ਹਨ ਜੇਕਰ ਇਹ ਉਪਕਾਰ ਵੀ ਕੀਤਾ ਗਿਆ ਕਿ ਸਾਧਾਰਣ ਤੌਰ'ਤੇ ਜੁਮਏ ਦੀ ਛੁੱਟੀ ਦਿੱਤੀ ਜਾਏ ਤਾਂ ਇਹ ਅਜਿਹਾ ਉਪਕਾਰ ਹੋਵੇਗਾ ਜੋ ਪਵਿੱਤਰ ਜਲ ਨਾਲ ਲਿਖੱਣ ਯੋਗ ਹੋਵੇਗਾ ।

ਅੱਜ ਮੁਸਲਮਾਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਜਾਂ ਨਾਂ ਨਿਹਾਦ ਮੌਲਵੀ ਜੋ ਹਨ ਆਰੋਪ ਲਾਉਂਦੇ ਹਨ ਕਿ ਅੰਗ੍ਰਜ਼ਾਂ ਦੇ ਆਪ ਲਾਇਆ ਪੌਦਾ ਹੈ ਪਰ ਅੰਗ੍ਰੇਜ਼ੀ ਸਰਕਾਰ ਨੂੰ ਮੁਸਲਮਾਨਾਂ ਦੇ ਧਾਰਮਕ ਅਧਿਕਾਰਾਂ ਵੱਲ ਧਿਆਨ ਦੁਆਇਆ ਤਾਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ, ਕਿਸੇ ਹੋਰ ਮੁਸਲਮਾਨ ਲੀਡਰ ਨੂੰ ਤੌਫ਼ੀਕ ਨਹੀਂ ਮਿਲੀ ਅਤੇ ਇਹ ਆਪ ਦਾ ਹੀ ਕੰਮ ਸੀ ਕਿਉਂਕਿ ਇਹ ਜ਼ਮਾਨਾ ਜਿਸ ਵਿੱਚ ਇਸਲਾਮ ਦੀ ਮਹਤੱਤਾ ਦੁਨੀਆ ਓਪੱਰ ਪ੍ਰਕਟ ਕਰਨੀ ਸੀ ਅਤੇ ਉਸ ਦੀ ਹਕੀਕੀ ਸਿੱਖਿਆ ਉਪੱਰ ਅਮਲ ਕਰਾਉਣਾ ਸੀ ਇਹ ਆਪ ਰਾਹੀਂ ਹੀ ਹੋਣਾ ਸੀ ਇਹ ਕੰਮ ਆਪ ਦੇ ਸੁਪੁਰਦ ਸੀ । ਸੋ, ਅਸੀਂ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਣ ਦਾ ਦਾਵਾ ਕਰਨ ਵਾਲੇ ਹਨ ਸਾਡੇ ਹਰ ਅਮਲ ਅਤੇ ਕਹਿਣੀ ਤੇ ਕਰਨੀ ਤੋਂ ਇਸਲਾਮ ਦੀ ਹਕੀਕੀ ਸਿੱਖਿਆ ਪ੍ਰਕਟ ਹੋਣੀ ਚਾਹੀਦੀ ਹੈ । ਸਾਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਇਹ ਰਮਜ਼ਾਨ ਜਿੰਨਾ ਬਰਕਤਾਂ ਨੂੰ ਲੈਕੇ ਆਇਆ ਸੀ ਅਤੇ ਜੋ ਬਰਕਤਾਂ ਛੱਡਕੇ ਜਾ ਰਿਹਾ ਹੈ ਉਸ ਨੂੰ ਅਸੀਂ ਆਪਣੇ ਜੀਵਨ ਦਾ ਭਾਗ ਬਨਾਉਂਣਾ ਹੈ । ਇੰਸ਼ਾਅਲੱਾਹ । ਅਸੀਂ ਇਸਲਾਮ ਦਾ ਕ੍ਰਿਆਤਮਕ ਚਿਤੱਰ ਕੇਵਲ ਇਕ ਮਹੀਨੇ ਲਈ ਨਹੀਂ ਬਨਾਉਂਣਾ ਸਗੋਂ ਨਿਰੰਤਰ ਜ਼ਮਾਨੇ ਦੇ ਇਮਾਮ ਨਾਲ ਕੀਤੇ ਹੋਏ ਵਾਦੇ ਨੂੰ ਪੂਰਾ ਕਰਨਾ ਹੈ ।

ਸੋ, ਅੱਜ ਅਸੀਂ ਸਾਰੇ ਇਹ ਪ੍ਰਣ ਕਰੀਏ ਕਿ ਅਸੀਂ ਆਪਣੇ ਬਐਤ ਦੇ ਪ੍ਰਣ ਨੂੰ ਪੂਰਾ ਕਰਨ ਵਾਲੇ ਬਣਾਗੇ ਅਤੇ ਰੱਬ ਅਤੇ ਉਸ ਦੀ ਮਖ਼ਲੂਕ ਦੇ ਹੱਕ ਉਸੇ ਪ੍ਰਕਾਰ ਪੂਰੇ ਕਰਨ ਦਾ ਜਤਨ ਕਰਾਂਗੇ ਜਿਵੇਂ ਇਕ ਮੋਮਿਨ ਤੋਂ ਆਸ ਕੀਤੀ ਜਾਂਦੀ ਹੈ ਅਤੇ ਜਿਵੇਂ ਰੱਬ ਨੇ ਹੁਕਮ ਫ਼ਰਮਾਇਆ ਹੈ ਅਤੇ ਜਿਸ ਦਾ ਪ੍ਰਗਟਾਵਾ ਹਜ਼ਰਤ ਮਸੀਹ ਮੌਊਦ ਅ੍ਲੈਹਿ ਸਲਾਮ ਨੇ ਫ਼ਰਮਾਇਆ ਹੈ । ਰਮਜਾਨ ਦੀਆਂ ਬਰਕਤਾਂ ਨੂੰ ਅਸੀਂ ਹਮੇਸ਼ਾਂ ਹੀ ਆਪਣੇ ਜੀਵਨ ਦਾ ਹਿਸੱਾ ਬਣਾਵਾਂਗੇ । ਇੰਸ਼ਾਅਲੱਾਹ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਆਮੀਨ ।


**Khulasa Khutba 01.07.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)


Toll Free Shoba Noorul Islam-1800-3010-2131